## ਹਿਊਮਨ ਟਿਸ਼ੂ ਅਥਾਰਿਟੀ

## ਜਿਉਂਦਾ ਦਾਤਾ ਟ੍ਰਾਂਸਪਲਾਂਟ ਬਾਰੇ ਜਾਣਕਾਰੀ

ਇਹ ਕਿਤਾਬਚਾ ਜਿਉਂਦਾ ਦਾਤਾ ਟ੍ਰਾਂਸਪਲਾਂਟ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਹੇਠਾਂ ਦਿੱਤੇ ਖੇਤਰਾਂ ਤੇ ਧਿਆਨ ਦਿੰਦਾ ਹੈ:

- ਹਿਊਮਨ ਟਿਸ਼ੂ ਅਥਾਰਿਟੀ ਦੀ ਭੂਮਿਕਾ।
- ਜਿਉਂਦਾ ਦਾਤਾ ਟ੍ਰਾਂਸਪਲਾਂਟ ਦੀ ਲੋੜ।
- ਜਿਉਂਦਾ ਦਾਤਾ ਟ੍ਰਾਂਸਪਲਾਂਟ ਲਈ ਚੋਣਾਂ।
- ਸੁਤੰਤਰ ਮੁਲਾਂਕਣ ਪ੍ਰਕਿਰਿਆ।

ਅਸੀਂ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਇਸ ਕਿਤਾਬਚੇ ਨੂੰ ਤੁਹਾਡੇ ਟ੍ਰਾਂਸਪਲਾਂਟ ਯੂਨਿਟ ਦੁਆਰਾ ਦਿੱਤੀ ਗਈ ਹੋਰ ਜਾਣਕਾਰੀ ਦੇ ਨਾਲ ਪੜ੍ਹੋ। ਇਸ ਨਾਲ ਤੁਹਾਨੂੰ ਇਹ ਜਾਣਕਾਰੀ ਦੇਣ ਵਿੱਚ ਮਦਦ ਮਿਲੇਗੀ ਕਿ ਇਸ ਵਿੱਚ ਜਿਉਂਦੇ ਦਾਤਾ ਅਤੇ ਅੰਗ ਪ੍ਰਾਪਤਕਰਤਾ, ਦੋਵਾਂ ਦੇ ਲਈ ਕੀ ਸ਼ਾਮਲ ਹੈ।

## ਹਿਊਮਨ ਟਿਸ਼ੂ ਅਥਾਰਿਟੀ ਦੀ ਭੂਮਿਕਾ

ਹਿਊਮਨ ਟਿਸ਼ੂ ਐਕਟ 2004 (HT ਕਾਨੂੰਨ) ਇੰਗਲੈਂਡ, ਵੇਲਸ ਅਤੇ ਨੋਰਦਰਨ ਆਇਰਲੈਂਡ ਵਿੱਚ ਅੰਗ ਦਾਨ ਵਾਸਤੇ ਕਾਨੂੰਨੀ ਢਾਂਚਾ ਮੁਹੱਇਆ ਕਰਦਾ ਹੈ। ਸਕੌਟਲੈਂਡ ਵਿੱਚ ਇਹ ਢਾਂਚਾ ਹਿਊਮਨ ਟਿਸ਼ੂ (ਸਕੌਟਲੈਂਡ) ਐਕਟ 2006 ਦੁਆਰਾ ਮੁਹੱਈਆ ਕੀਤਾ ਜਾਂਦਾ ਹੈ।

HTA, HT ਕਾਨੂੰਨ ਬਾਰੇ ਸਲਾਹ ਅਤੇ ਮਾਰਗਦਰਸ਼ਨ ਮੁਹੱਈਆ ਕਰਦਾ ਹੈ ਅਤੇ ਇਸ ਬਾਰੇ ਫ਼ੈਸਲਾ ਕਰਦਾ ਹੈ ਕਿ ਕੀ ਯੂਕੇ ਵਿੱਚ ਜਿਉਂਦੇ ਅੰਗ ਦਾਤਾ ਦੇ ਮਾਮਲੇ ਅੱਗੇ ਵੱਧ ਸਕਦੇ ਹਨ। ਦਾਤਿਆਂ ਅਤੇ ਪ੍ਰਾਪਤਕਰਤਾਵਾਂ ਨੂੰ ਸੁਤੰਤਰ ਜਾਂਚ ਦਾ ਭਰੋਸਾ ਦੇਣ ਲਈ ਇੱਕ ਮਜ਼ਬੂਤ ਪ੍ਰਕਿਰਿਆ ਸਥਾਪਤ ਕੀਤੀ ਗਈ ਹੈ, ਜਿਸ ਨਾਲ ਯਕੀਨੀ ਬਣਾਇਆ ਜਾਂਦਾ ਹੈ ਕਿ ਦਾਤਾ ਇਸ ਵਿੱਚ ਸ਼ਾਮਲ ਖਤਰਿਆਂ ਨੂੰ ਸਮਝਦਾ ਹੈ, ਉਹ ਕਿਸੇ ਦਬਾਉ ਹੇਠ ਨਹੀਂ ਹੈ ਅਤੇ ਕੋਈ ਇਨਾਮ ਪੇਸ਼ ਨਹੀਂ ਕੀਤਾ ਗਿਆ ਹੈ।

## ਜਿਉਂਦਾ ਦਾਤਾ ਟ੍ਰਾਂਸਪਲਾਂਟ ਕਿਉਂ ਕੀਤਾ ਜਾਂਦਾ ਹੈ?

ਟ੍ਰਾਂਸਪਲਾਂਟ ਦੀ ਲੋੜ ਉਸ ਸਮੇਂ ਆਉਂਦੀ ਹੈ ਜਦੋਂ ਕੋਈ ਜ਼ਰੂਰੀ ਅੰਗ ਕੰਮ ਕਰਨਾ ਬੰਦ ਕਰ ਦਿੰਦਾ ਹੈ ਅਤੇ ਉਸਦੇ ਕਾਰਨ ਜ਼ਿੰਦਗੀ ਦੀ ਖਤਰੇ ਵਾਲੀ ਬਿਮਾਰੀ ਹੋ ਜਾਂਦੀ ਹੈ।

ਇਤਿਹਾਸਕ ਰੂਪ ਵਿੱਚ, ਟ੍ਰਾਂਸਪਲਾਂਟ ਕਰਨ ਵਾਸਤੇ ਅੰਗ ਦਾਨ ਮਰੇ ਹੋਏ ਲੋਕਾਂ ਦੁਆਰਾ ਕੀਤੇ ਗਏ ਹਨ। ਪਰ, ਜਿਵੇਂ-ਜਿਵੇਂ ਟ੍ਰਾਂਸਪਲਾਂਟ ਵਾਸਤੇ ਸਹੀ ਅੰਗਾਂ ਦੀ ਲੋੜ ਲਗਾਤਾਰ ਵੱਧ ਰਹੀ ਹੈ, ਮੰਗ ਨੂੰ ਪੂਰਾ ਕਰਨ ਲਈ ਲੋੜੀਂਦੀ

ਸਪਲਾਈ ਨਹੀਂ ਹੈ। ਹੁਣ ਯੂਕੇ ਵਿੱਚ ਹੋਣ ਵਾਲੇ ਗੁਰਦੇ ਦੇ ਸਾਰੇ ਟ੍ਰਾਂਸਪਲਾਂਟਾਂ ਵਿੱਚ ਤਿੰਨ ਵਿੱਚੋਂ ਇੱਕ ਜਿਉਂਦਾ ਗੁਰਦਾ ਟ੍ਰਾਂਪਲਾਂਟ ਹੁੰਦਾ ਹੈ।

ਗੁਰਦੇ ਜਿਉਂਦੇ ਦਾਤਿਆਂ ਤੋਂ ਦਾਨ ਕੀਤੇ ਜਾਣ ਵਾਲੇ ਸਭ ਤੋਂ ਆਮ ਅੰਗ ਹਨ ਅਤੇ ਇਹਨਾਂ ਟ੍ਰਾਂਸਪਲਾਂਟ ਦੀ ਸਫਲਤਾ ਦੀ ਦਰ ਬਹੁਤ ਉੱਚੀ ਹੈ। ਆਪਣਾ ਅੰਗ ਦਾਨ ਕਰਨ ਤੋਂ ਪਹਿਲਾਂ ਦਾਤੇ ਦੀ ਮੁਕੰਮਲ ਮੈਡੀਕਲ ਜਾਂਚ ਕੀਤੀ ਜਾਂਦੀ ਹੈ। ਗੁਰਦਾ ਦਾਨ ਕਰਨ ਵਿੱਚ ਇੱਕ ਵੱਡਾ ਆਪਰੇਸ਼ਨ ਅਤੇ ਛੋਟੇ (ਪਰ ਮਹੱਤਵਪੂਰਨ) ਖਤਰੇ ਸ਼ਾਮਲ ਹੁੰਦੇ ਹਨ ਜੋ ਦਾਤੇ ਨੂੰ ਪੂਰੀ ਤਰ੍ਹਾਂ ਨਾਲ ਸਮਝਣੇ ਚਾਹੀਦੇ ਹਨ। ਲੰਮੀ ਮਿਆਦ ਵਿੱਚ, ਗੁਰਦਾ ਦਾਨ ਕਰਨ ਨਾਲ ਕਿਸੇ ਅਜਿਹੇ ਵਿਅਕਤੀ ਦੀ ਸਿਹਤ ਤੇ ਅਸਰ ਨਹੀਂ ਪੈਣਾ ਚਾਹੀਦਾ ਜਿਸ ਦਾ ਸਿਹਤਮੰਦ ਅਤੇ ਗੁਰਦਾ ਦਾਨ ਕਰਨ ਲਈ ਸਹੀ ਵੱਜੋਂ ਮੁਲਾਂਕਣ ਕੀਤਾ ਗਿਆ ਹੈ।

ਗੁਰਦੇ ਦੇ ਲੋਬ (ਗੁਰਦੇ ਦੇ ਹਿੱਸੇ) ਵੀ ਦਾਨ ਕੀਤੇ ਜਾ ਸਕਦੇ ਹਨ, ਹਾਲਾਂਕਿ ਇਹ ਘੱਟ ਆਮ ਹੈ। ਗੁਰਦੇ ਦਾ ਹਿੱਸਾ ਦਾਨ ਕਰਨਾ ਵਧੇਰੇ ਜਟਿਲ ਪ੍ਰਕਿਰਿਆ ਹੈ ਅਤੇ ਦਾਤਾ ਨੂੰ ਖਤਰਿਆਂ ਤੇ ਧਿਆਨ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ।

ਜਿਉਂਦੇ ਦਾਤੇ ਆਮ ਤੌਰ ਤੇ ਆਪਣੇ ਅੰਗ ਦਾਨ ਨਹੀਂ ਕਰਦੇ ਹਨ।

ਤੁਹਾਡਾ ਸਥਾਨਕ ਟ੍ਰਾਂਸਪਲਾਂਟ ਯੂਨਿਟ ਤੁਹਾਨੂੰ ਉਪਲਬਧ ਚੋਣਾਂ ਬਾਰੇ ਵਧੇਰੇ ਜਾਣਕਾਰੀ ਦੇ ਸਕੇਗਾ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਇਸ ਵਿੱਚ ਸਹੀ-ਸਹੀ ਕੀ ਸ਼ਾਮਲ ਹੈ। ਦਾਤਾ ਟ੍ਰਾਂਸਪਲਾਂਟ ਦੇ ਸਮੇਂ ਤਕ ਕਿਸੇ ਵੀ ਸਮੇਂ ਪ੍ਰਕਿਰਿਆ ਤੋਂ ਬਾਹਰ ਹੋਣ ਲਈ ਸੁਤੰਤਰ ਹੁੰਦਾ ਹੈ।

**ਜਿਉਂਦਾ ਦਾਤਾ ਟ੍ਰਾਂਸਪਲਾਂਟ ਲਈ ਕੀ ਚੋਣਾਂ ਹਨ?**

ਕਿਸੇ ਵੀ ਤੰਦਰੁਸਤ ਅਤੇ ਸਿਹਤਮੰਦ ਬਾਲਗ ਵਿਅਕਤੀ ਤੇ ਜਿਉਂਦੇ ਦਾਤਾ ਵੱਜੋ ਵਿਚਾਰ ਕੀਤਾ ਜਾ ਸਕਦਾ ਹੈ।

- ਸਿੱਧਾ ਦਾਨ - ਦਾਨ ਦਾ ਅਜਿਹਾ ਰੂਪ ਜਿਸ ਵਿੱਚ ਕੋਈ ਸਿਹਤਮੰਦ ਵਿਅਕਤੀ ਕਿਸੇ ਖਾਸ, ਪਛਾਣੇ ਗਏ ਪ੍ਰਾਪਕਰਤਾ ਨੂੰ ਕੋਈ ਅੰਗ ਦਾਨ ਕਰਦਾ ਹੈ। ਇਹ ਆਮ ਤੌਰ ਤੇ ਜੇਨਟਿਕ ਅਤੇ ਭਾਵਨਾਤਮਕ ਸਬੰਧ ਵਾਲੇ ਲੋਕਾਂ ਦੇ ਵਿਚਕਾਰ ਹੁੰਦਾ ਹੈ, ਪਰ HTA ਉਹਨਾਂ ਮਾਮਲਿਆਂ ਤੇ ਵਿਚਾਰ ਕਰ ਸਕਦਾ ਹੈ ਜਿੱਥੇ ਪਹਿਲਾਂ ਤੋਂ ਮੌਜੂਦ ਕੋਈ ਸਬੰਧ ਨਹੀਂ ਸੀ।

- ਜੋੜੇ ਬਣਾਏ ਅਤੇ ਪੂਲ ਕੀਤੇ ਦਾਨ - ਦਾਨ ਦਾ ਅਜਿਹਾ ਰੂਪ ਕੋਈ ਸਿਹਤਮੰਦ ਦਾਤਾ ਉਸ ਪ੍ਰਾਪਤਕਰਤਾ ਦੇ ਨਾਲ ਮੇਲ ਨਹੀਂ ਖਾਂਦਾ ਹੈ ਜਿਸ ਨੂੰ ਅੰਗ ਦਾਨ ਕਰਨਾ ਚਾਹੁੰਦਾ ਹੈ। ਇਹ ਸੰਭਵ ਹੈ ਕਿ ਉਹਨਾਂ ਨੂੰ ਉਹਨਾਂ ਵਰਗੀ ਹੀ ਸਥਿਤੀ ਵਾਲੇ ਕਿਸੇ ਹੋਰ ਦਾਤਾ ਅਤੇ ਪ੍ਰਾਪਤਕਰਤਾ ਦੇ ਨਾਲ ਮਿਲਾਇਆ ਜਾਵੇ, ਅਤੇ ਦਾਤਿਆਂ ਦੇ ਗੁਰਦਿਆਂ ਨੂੰ ਆਪਸ ਵਿੱਚ ਬਦਲਿਆ ਜਾਵੇ। ਜਦੋਂ ਦੋ ਜੋੜੇ ਸ਼ਾਮਲ ਹੁੰਦੇ ਹਨ ਤਾਂ ਇਹ ਜੋੜੀ ਬਣਾਇਆ ਗਿਆ ਦਾਨ ਹੁੰਦਾ ਹੈ (ਚਿੱਤਰ 1 ਦੇਖੋ), ਅਤੇ ਜਿੱਥੇ ਦੋ ਤੋਂ ਵੱਧ ਜੋੜੇ ਸ਼ਾਮਲ ਹੁੰਦੇ ਹਨ ਤਾਂ ਇਹ ਪੂਲ ਬਣਾਇਆ ਗਿਆ ਦਾਨ ਹੁੰਦਾ ਹੈ।

ਚਿੱਤਰ 1 – ਜੋੜੀ ਬਣਾਇਆ ਗਿਆ ਦਾਨ




- ਗੈਰ-ਸਿੱਧਾ ਪਰਉਪਕਾਰੀ ਦਾਨ - ਦਾਨ ਦਾ ਅਜਿਹਾ ਰੂਪ ਜਿੱਥੇ ਕੋਈ ਸਿਹਤਮੰਦ ਵਿਅਕਤੀ ਕਿਸੇ ਅਜਿਹੇ ਵਿਅਕਤੀ ਨੂੰ ਗੁਰਦਾ ਦਾਨ ਕਰਦਾ ਹੈ, ਜਿਸ ਨੂੰ ਉਹ ਪਛਾਣਦਾ ਜਾਂ ਜਾਣਦਾ ਨਹੀਂ ਹੈ।

- ਗੈਰ-ਸਿੱਧੇ ਪਰਉਪਕਾਰੀ ਦਾਨ ਦੀ ਲੜੀ (ਚਿੱਤਰ 2 ਦੇਖੋ) - ਦਾਨ ਦਾ ਅਜਿਹਾ ਰੂਪ ਜਿੱਥੇ ਗੈਰ-ਸਿੱਧਾ ਪਰਉਪਕਾਰੀ ਦਾਤਾ ਆਪਣਾ ਗੁਰਦਾ ਜੋੜੀ ਬਣਾਈ/ਪੂਲ ਕੀਤੀ ਸਕੀਮ ਵਿੱਚ ਦਾਨ ਕਰਦਾ ਹੈ। ਦੋ ਜਾਂ ਵੱਧ ਦਾਤਿਆਂ ਅਤੇ ਪ੍ਰਾਪਤਕਰਤਾਵਾਂ ਨੂੰ ਮਿਲਾ ਜੇ, ਕਿਰਿਆਵਾਂ ਦੀ ਲੜੀ ਬਣਾਈ ਜਾ ਸਕਦੀ ਹੈ। ਲੜੀ ਦੇ ਅੰਤ ਤੇ ਬੱਚ ਗਏ ਗੁਰਦੇ ਨੂੰ ਰਾਸ਼ਟਰੀ ਉਡੀਕ ਸੂਚੀ ਵਿੱਚ ਸਭ ਤੋਂ ਵੱਧ ਮੇਲ ਖਾਣ ਵਾਲੇ ਪ੍ਰਾਪਤਕਰਤਾ ਨੂੰ ਦਾਨ ਕਰ ਦਿੱਤਾ ਜਾਂਦਾ ਹੈ। (2012 ਵਿੱਚ ਲਾਗੂ ਕੀਤਾ ਜਾਣਾ ਹੈ।)

ਚਿੱਤਰ 2 – ਪਰਉਪਕਾਰੀ ਦਾਨ ਦੀ ਲੜੀ




## ਸੁਤੰਤਰ ਮੁਲਾਂਕਣ ਪ੍ਰਕਿਰਿਆ: ਇਸ ਵਿੱਚ ਕੀ ਸ਼ਾਮਲ ਹੁੰਦਾ ਹੈ?

ਸਾਰੇ ਦਾਤਿਆਂ ਅਤੇ ਪ੍ਰਾਪਤਕਰਤਾਵਾਂ ਨੂੰ HTA ਦੁਆਰਾ ਸਿਖਲਾਈ ਅਤੇ ਮਾਣਤਾ ਦਿੱਤੇ ਗਏ ਸਥਾਨਕ ਸੁਤੰਤਰ ਮੁਲਾਂਕਣਕਰਤਾ ਨੂੰ ਮਿਲਣ ਦੀ ਲੋੜ ਹੁੰਦੀ ਹੈ। ਸੁਤੰਤਰ ਮੁਲਾਂਕਣਕਰਤਾ ਸਾਡੇ ਵੱਲੋਂ ਦਾਤਾ ਅਤੇ ਪ੍ਰਾਪਤਕਰਤਾ ਦੀ ਇੰਟਰਵਿਊ ਲੈਂਦਾ ਹੈ ਅਤੇ ਉਹ ਟ੍ਰਾਂਸਪਲਾਂਟ ਵਿੱਚ ਸ਼ਾਮਲ ਸਿਹਤ-ਸੰਭਾਲ ਟੀਮਾਂ ਤੋਂ ਸੁਤੰਤਰ ਹੁੰਦਾ ਹੈ। ਇਸ ਇੰਟਰਵਿਊ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਦਾਤਾ ਨੂੰ ਇਨਾਮ ਨਹੀਂ ਪੇਸ਼ ਕੀਤਾ ਗਿਆ ਹੈ, ਦਾਤਾ ਅਤੇ ਪ੍ਰਾਪਤਕਰਤਾ ਅੱਗੇ ਵਧਣ ਲਈ ਕਿਸੇ ਦਬਾਉ ਹੇਠ ਨਹੀਂ ਹਨ, ਅਤੇ ਦਾਤਾ ਨੂੰ ਇਸ ਵਿੱਚ ਸ਼ਾਮਲ ਖਤਰਿਆਂ ਦੀ ਚੰਗੀ ਸਮਝ ਹੈ। ਸੁਤੰਤਰ ਮੁਲਾਂਕਣਕਰਤਾ HTA ਨੂੰ ਇੱਕ ਰਿਪੋਰਟ ਜਮ੍ਹਾਂ ਕਰੇਗਾ; ਇਸ ਰਿਪੋਰਟ ਨੂੰ ਮਾਮਲੇ ਤੇ ਫ਼ੈਸਲਾ ਕਰਨ ਲਈ ਵਰਤਿਆ ਜਾਵੇਗਾ।

## ਨੋਟ ਕਰੋ

ਜੇ HT ਕਾਨੂੰਨ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ ਹੈ ਤਾਂ ਦੋ ਜਿਉਂਦੇ ਵਿਅਕਤੀਆਂ ਦੇ ਵਿਚਕਾਰ ਟ੍ਰਾਂਸਪਲਾਂਟ ਦਾ ਆਪਰੇਸ਼ਨ ਕਰਨਾ ਇੱਕ ਫੌਜਦਾਰੀ ਅਪਰਾਧ ਹੈ। ਇਸਦਾ ਮਤਲਬ ਹੈ ਕਿ ਵੈਧ ਸਹਿਮਤੀ ਦੇਣੀ ਜ਼ਰੂਰੀ ਹੈ।

ਮਨੁੱਖੀ ਅੰਗਾਂ ਨੂੰ ਵੇਚਣ ਜਾਂ ਖਰੀਦਣ ਵਿੱਚ ਸਾਮਲ ਹੋਣਾ ਵੀ ਗੈਰ-ਕਾਨੂੰਨੀ ਹੈ। ਇਹਨਾਂ ਅਪਰਾਧਾਂ ਲਈ ਸਜ਼ਾ ਵਿੱਚ ਤਿੰਨ ਸਾਲ ਤਕ ਦੀ ਜੇਲ੍ਹ, ਜੁਰਮਾਨਾ ਜਾਂ ਦੋਵੇਂ ਸ਼ਾਮਲ ਹਨ।

**ਵਧੇਰੇ ਜਾਣਕਾਰੀ**

ਇਹ ਕਿਤਾਬਚਾ ਸਿਰਫ਼ ਇੱਕ ਗਾਈਡ ਹੈ। HTA ਬਾਰੇ ਵਧੇਰੇ ਜਾਣਕਾਰੀ ਲਈ www.hta.gov.uk ਤੇ ਜਾਉ ਜਾਂ ਇਸ ਪਤੇ ਤੇ ਸੰਪਰਕ ਕਰੋ:


Human Tissue Authority

151 Buckingham Palace Road

London

SW1W 9SZ

ਟੈਲੀਫ਼ੋਨ: 020 7269 1900

ਫ਼ੈਕਸ: 020 7269 1999

twitter.com/#!/HTA_UK

www.facebook.com/HumanTissueAuthority


ਇਹ ਕਿਤਾਬਚਾ ਸਾਡੀ ਵੈਬਸਾਈਟ ਤੇ ਵੈਲਸ਼, ਉਰਦੂ, ਗੁਜਰਾਤੀ, ਪੰਜਾਬੀ, ਹਿੰਦੀ ਅਤੇ ਬੰਗਾਲੀ ਵਿੱਚ ਉਪਲਬਧ ਹੈ।


ਅਕਤੂਬਰ 2011 ਤਾਜ਼ਾ ਬਣਾਇਆ ਗਿਆ

ਨਵੰਬਰ 2011 ਵਿੱਚ ਪ੍ਰਕਾਸ਼ਿਤ ਕੀਤਾ ਗਿਆ



ਕਾਪੀਰਾਈਟ: ਹਿਊਮਨ ਟਿਸ਼ੂ ਅਥਾਰਿਟੀ